WHITE CROW PUBLISHERS

# ਰਾਸ਼ਟਰੀ ਸਿੱਖ ਸੰਗਤ

ਧੀਰੇਂਦਰ ਕੇ. ਝਾਅ



ਅਨੁਵਾਦਕ : ਹਰਜੋਤ

# ਰਾਸ਼ਟਰੀ ਸਿੱਖ ਸੰਗਤ

## ਧੀਰੇਂਦਰ ਕੇ ਝਾਅ

ਅਨੁਵਾਦ
ਹਰਜੋਤ

WHITE CROW
PUBLISHERS

# Rashtri Sikh Sangat

by

**Dhirender K Jha**

Translation by

**Harjot**

Cont. - 9876922503

harjotsingh.hs53@gmail.com

**First Edition : 2022**
**Price : 50 /-**

**Type Setting**
Sandeep Pakhowal - 9872490325

Published by

**White Crow Publishers©**

**Mohali**

Cont. 9780909077
info@whitecrowpublishers.com
www.whitecrowpublishers.com

fb.com/whitecrowpublishers

Printed by : **Aarna press, Patiala**

Contact : **99148-40666**

All rights are reserved for this Punjabi translation. So, legal action will be taken against any person who possesses or forwards it in any way, like Photocopy / Pdf form , without the written permission of the publisher or the author.

ਪਟਿਆਲਾ ਦੀ ਨਵੀਂ ਅਨਾਜ ਮੰਡੀ ਦਿਨ ਦੇ ਸਮੇਂ ਬਹੁਤ ਹੀ ਜਿਉਂਦਾ-ਜਾਗਦਾ ਸਥਾਨ ਹੁੰਦਾ ਹੈ। ਇੱਥੇ ਜ਼ਬਰਦਸਤ ਸ਼ੋਰ-ਸ਼ਰਾਬਾ ਅਤੇ ਲੋਕਾਂ ਦਾ ਆਉਣਾ-ਜਾਣਾ ਲੱਗਾ ਰਹਿੰਦਾ ਹੈ। ਲੋਕ ਹੋਕਾ ਦੇ ਰਹੇ ਹੁੰਦੇ ਹਨ, ਆਟੋਰਿਕਸ਼ਾ ਅਤੇ ਟੈਂਪੂ ਹਾਰਨ ਵਜਾ ਰਹੇ ਹੁੰਦੇ ਹਨ, ਕਾਰਾਂ ਦੀ ਆਵਾਜ਼, ਰੇਹੜੀਆਂ ਦਾ ਅੰਦਰ ਜਾਣ ਅਤੇ ਬਾਹਰ ਜਾਣ ਦਾ ਸਿਲਸਿਲਾ ਚੱਲ ਰਿਹਾ ਹੁੰਦਾ ਹੈ। ਪਰੰਤੂ ਸੂਰਜ ਛਿਪਣ ਤੋਂ ਬਾਅਦ ਇਸ ਇਲਾਕੇ ਵਿਚ ਚੁੱਪੀ ਛਾ ਜਾਂਦੀ ਹੈ, ਖ਼ਾਸ ਤੌਰ 'ਤੇ ਜੁਲਾਈ ਅਤੇ ਅਗਸਤ ਦੇ ਮਹੀਨੇ ਵਿਚ, ਜਦੋਂ ਫਸਲਾਂ ਖਰੀਦਣ ਜਾਂ ਵੇਚਣ ਦੀ ਸਰਗਰਮੀ ਬਹੁਤੀ ਨਹੀਂ ਹੁੰਦੀ।

28 ਜੁਲਾਈ, 2009 ਨੂੰ ਗਰਮ ਅਤੇ ਖ਼ਾਮੋਸ਼ ਰਾਤ ਵਿਚ ਦੋ ਵਿਅਕਤੀ ਕਾਰ ਤੋਂ ਉੱਤਰਦੇ ਹਨ ਅਤੇ ਬਜ਼ਾਰ ਦੇ ਹਨੇਰੇ ਵਿਚ ਗ਼ਾਇਬ ਹੋ ਜਾਂਦੇ ਹਨ। ਥੋੜ੍ਹੀ ਦੇਰ ਬਾਅਦ, ਦਸ ਵਜੇ, ਰਾਸ਼ਟਰੀ ਸਿੱਖ ਸੰਗਤ ਦੇ ਸੂਬਾ ਪ੍ਰਧਾਨ ਰੁਲਦਾ ਸਿੰਘ ਬਜ਼ਾਰ ਦੀ ਇਕ ਨੁੱਕੜ ਵਿਚ ਆਪਣੇ ਘਰ ਸਾਹਮਣੇ ਆਪਣੀ ਮਹਿੰਦਰਾ ਬੋਲੈਰੋ ਗੱਡੀ ਰੋਕਦੇ ਹਨ। ਜਿਵੇਂ ਹੀ ਉਹ ਆਪਣੀ ਗੱਡੀ ਤੋਂ ਬਾਹਰ ਕਦਮ ਰੱਖਦੇ ਹਨ, ਦੋਵੇਂ ਵਿਅਕਤੀ ਹਨੇਰੇ 'ਚੋਂ ਬਾਹਰ ਨਿੱਕਲਦੇ ਹਨ ਅਤੇ ਖ਼ਾਮੋਸ਼ੀ ਨਾਲ ਸੋਚ-ਵਿਚਾਰ ਕਰਨ ਤੋਂ ਬਾਅਦ ਰੁਲਦਾ ਸਿੰਘ ਨੂੰ ਕਈ ਗੋਲ਼ੀਆਂ ਮਾਰਦੇ ਹਨ। ਹਮਲਾਵਰ ਇਸ ਤੋਂ ਬਾਅਦ ਥੋੜ੍ਹੀ ਦੂਰ ਹੀ ਖੜ੍ਹੀ ਆਪਣੀ ਕਾਰ ਵੱਲ ਭੱਜਦੇ ਹਨ ਅਤੇ ਉਸ ਵਿਚ ਸਵਾਰ ਹੋ ਕੇ ਭੱਜ ਜਾਂਦੇ ਹਨ।

ਰੁਲਦਾ ਸਿੰਘ ਉੱਥੇ ਹੀ ਡਿੱਗ ਜਾਂਦੇ ਹਨ ਪਰ ਬੇਹੋਸ਼ ਹੋਣ ਤੋਂ ਪਹਿਲਾਂ ਉਹ ਮਦਦ ਲਈ ਅਵਾਜ਼ ਮਾਰਦੇ ਹਨ। ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਗੁਆਂਢੀ ਤੁਰੰਤ ਬਾਹਰ ਆਉਂਦੇ ਹਨ ਅਤੇ